# ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ, ਭਲਾਈ ਵਿਭਾਗ, ਪੰਜਾਬ,ਚੰਡੀਗੜ੍ਹ।

**ਪੀ.ਐਮ.ਈ.ਟੀ. ਪ੍ਰੀਖਿਆ-2015 (ਪੰਜਾਬ ਦੇ ਮੈਡੀਕਲ ਕਾਲਜਾਂ ਦੇ ਦਾਖਲੇ ਲਈ ਐਂਟਰੈਂਸ ਟੈਸਟ) ਵਾਸਤੇ ਫਰੀ ਕੋਚਿੰਗ ਲਈ ਦਾਖਲਾ ਸੂਚਨਾ**

ਅੰਬੇਡਕਰ ਇੰਸਟੀਚਿਊਟ ਆਫ ਕਰੀਅਰਜ਼ ਐਂਡ ਕੋਰਸਿਜ਼, ਫੇਸ-।।।-ਬੀ-2, ਐਸ.ਏ.ਐਸ.ਨਗਰ, ਮੁਹਾਲੀ ਵਿਖੇ ਪੀ.ਐਮ.ਈ.ਟੀ.(ਪੰਜਾਬ ਮੈਡੀਕਲ ਐਂਟਰੈਂਸ ਟੈੱਸਟ)-2015 ਦੀ ਕੋਚਿੰਗ ਪ੍ਰਾਪਤ ਕਰਨ ਲਈ ਪੰਜਾਬ ਦੇ ਪੱਕੇ ਵਸਨੀਕ, ਅਨੁਸੂਚਿਤ ਜਾਤੀਆਂ, ਹੋਰ ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ ਸਮੁਦਾਇ (ਮੁਸਲਿਮ, ਸਿੱਖ, ਇਸਾਈ, ਬੋਧੀ, ਪਾਰਸੀ ਅਤੇ ਜੈਨੀ) ਨਾਲ ਸਬੰਧਤ ਉਮੀਦਵਾਰਾਂ, ਜਿਨ੍ਹਾਂ ਨੇ 10+2 (ਮੈਡੀਕਲ ਗਰੁੱਪ) ਪਾਸ ਕੀਤੀ ਹੋਵੇ ਅਤੇ ਪੀ.ਐਮ.ਈ.ਟੀ.-2015 ਲਈ ਯੋਗਤਾ ਰੱਖਦੇ ਹੋਣ, ਤੋਂ ਬਿਨੈਪੱਤਰਾਂ ਦੀ ਮੰਗ ਕੀਤੀ ਜਾਂਦੀ ਹੈ। ਜਿਹੜੇ ਉਮੀਦਵਾਰ 10+2 ਪ੍ਰੀਖਿਆ-2015 ਵਿਚ ਫਿਜਿਕਸ, ਕੈਮਿਸਟਰੀ ਅਤੇ ਬਾਇਓਲੋਜੀ ਵਿਸ਼ਿਆਂ ਨਾਲ ਅਪੀਅਰ ਹੋਏ ਹਨ (ਰੋਲ ਨੰਬਰ ਸਲਿਪ ਜਾਂ ਸਕੂਲ ਦੇ ਪ੍ਰਿੰਸੀਪਲ ਵੱਲੋਂ ਇਸ ਸਬੰਧ ਵਿਚ ਜਾਰੀ ਕੀਤੇ ਸਰਟੀਫਿਕੇਟ ਦੀ ਸੈਲਫ ਅਟੈਸਟਿਡ ਫੋਟੋ ਕਾਪੀ ਨੱਥੀ ਕੀਤੀ ਜਾਵੇ), ਉਹ ਵੀ ਦਾਖਲਾ ਲੈਣ ਲਈ ਯੋਗ ਹੋਣਗੇ। ਕੇਵਲ ਉਹ ਉਮੀਦਵਾਰ ਹੀ ਦਾਖਲਾ ਲੈਣ ਲਈ ਯੋਗ ਹਨ, ਜਿਨ੍ਹਾਂ ਨੇ ਪੀ.ਐਮ.ਈ.ਟੀ. ਟੈੱਸਟ-2015 ਲਈ ਅਪਲਾਈ ਕੀਤਾ ਹੋਵੇ (ਅਪਲਾਈ ਕਰਨ ਦਾ ਸਬੂਤ ਬਿਨੇ-ਪੱਤਰ ਨਾਲ ਨੱਥੀ ਕੀਤਾ ਜਾਵੇ)। ਉਮੀਦਵਾਰ ਦੇ ਮਾਪਿਆਂ ਦੀ ਸਾਰੇ ਸਰੋਤਾਂ ਤੋਂ ਆਮਦਨ 1.00 ਲੱਖ ਰੁਪਏ ਪ੍ਰਤੀ ਸਾਲ ਤੋਂ ਵਧੇਰੇ ਨਹੀਂ ਹੋਣੀ ਚਾਹੀਦੀ। ਕੋਰਸ ਦੀਆਂ 40 ਸੀਟਾਂ ਵਿਚੋਂ 50% ਸੀਟਾਂ ਅਨੁਸੂਚਿਤ ਜਾਤੀਆਂ, 30% ਸੀਟਾਂ ਹੋਰ ਪੱਛੜੀਆਂ ਸ਼੍ਰੇਣੀਆਂ ਲਈ ਅਤੇ 20% ਸੀਟਾਂ ਘੱਟ ਗਿਣਤੀ ਵਰਗ ਨਾਲ ਸਬੰਧਤ ਉਮੀਦਵਾਰਾਂ ਲਈ ਰਾਖਵੀਆਂ ਹਨ, ਬਸ਼ਰਤੇ ਕਿ ਉਪਲਬਧਤਾ ਦੇ ਤਹਿਤ ਹਰੇਕ ਸ਼੍ਰੇਣੀ ਵਿਚ 30% ਮਹਿਲਾਵਾਂ ਅਤੇ 5% ਅਪਾਹਜ ਉਮੀਦਵਾਰ ਸ਼ਾਮਲ ਕੀਤੇ ਜਾ ਸਕਦੇ ਹਨ। ਹਰੇਕ ਚੁਣੇ ਗਏ ਉਮੀਦਵਾਰ ਨੂੰ ਸਰਕਾਰੀ ਨਿਯਮਾਂ ਦੇ ਅਨੁਸਾਰ ਮੁਫਤ ਕੋਚਿੰਗ, ਮੁਫਤ ਹੋਸਟਲ ਆਵਾਸ ਅਤੇ ਵਿੱਤੀ ਸਹਾਇਤਾ ਮੁਹੱਈਆ ਕੀਤੀ ਜਾਵੇਗੀ। ਉਹਨਾਂ ਉਮੀਦਵਾਰਾਂ ਜਿਨ੍ਹਾਂ ਨੇ ਕਿਸੇ ਰਾਜ ਸਰਕਾਰ ਜਾਂ ਭਾਰਤ ਸਰਕਾਰ ਦੀ ਫਰੀ ਸਕੀਮ ਅਧੀਨ ਦੋ ਵਾਰੀ ਕੋਚਿੰਗ ਪ੍ਰਾਪਤ ਕੀਤੀ ਹੈ, ਨੂੰ ਵਿਚਾਰਿਆ ਨਹੀਂ ਜਾਵੇਗਾ।

ਉਮੀਦਵਾਰ ਦੀ ਚੋਣ ਫਿਜਿਕਸ, ਕੈਮਿਸਟਰੀ ਅਤੇ ਬਾਇਓਲੋਜੀ ਵਿਸ਼ਿਆਂ ਦੇ ਆਬਜੈਕਟਿਵ ਟਾਈਪ ਟੈਸਟ ਦੇ ਆਧਾਰ ਤੇ ਕੀਤੀ ਜਾਵੇਗੀ, ਜੋ ਕਿ ਮਿਤੀ 26.3.2015 ਨੂੰ ਸਵੇਰੇ 10.00 ਵਜੇ ਅੰਬੇਡਕਰ ਇੰਸਟੀਚਿਊਟ ਆਫ ਕੈਰੀਅਰਜ ਐਂਡ ਕੋਰਸਿਜ, ਫੇਸ-।।।-ਬੀ-2, ਐਸ.ਏ.ਐਸ. ਨਗਰ ਮੁਹਾਲੀ ਵਿਚ ਆਯੋਜਿਤ ਕੀਤਾ ਜਾਵੇਗਾ। ਇਹ ਟੈੱਸਟ ਇੱਕ ਘੰਟੇ ਦਾ ਹੋਵੇਗਾ। ਉਮੀਦਵਾਰ ਟੈਸਟ ਦੇ ਸਮੇਂ ਤੇ ਇੱਕ ਪਾਸਪੋਰਟ ਆਕਾਰ ਦੀ ਫੋਟੋਗ੍ਰਾਫ ਅਤੇ ਇੱਕ ਫੋਟੋ ਪਹਿਚਾਣ ਪੱਤਰ ਜਿਵੇਂ ਕਿ ਆਧਾਰ ਕਾਰਡ, ਸਕੂਲ ਵੱਲੋਂ ਜਾਰੀ ਕੀਤਾ ਆਈਡੈਂਟਿਟੀ ਕਾਰਡ ਦੀ ਕਾਪੀ ਆਦਿ, ਇੱਕ ਨੀਲਾ ਬਾਲ ਪੈੱਨ ਅਤੇ ਪੇਪਰ ਦੇਣ ਲਈ ਇੱਕ ਕਾਰਡ ਬੋਰਡ (ਗੱਤਾ) ਨਾਲ ਲੈ ਕੇ ਆਉਣ।

ਵਿਦਿਅਕ ਯੋਗਤਾਵਾਂ (10+2 ਦੀ ਡੀ.ਐਮ.ਸੀ. ਜਾਂ 10+2 ਵਿਚ ਅਪੀਅਰ ਹੋਣ ਦਾ ਸਬੂਤ, ਜੋ ਵੀ ਲਾਗੂ ਹੋਵੇ), ਉਮਰ (ਦਸਵੀਂ ਦੀ ਡੀ.ਐਮ.ਸੀ.), ਜਾਤੀ ਸਰਟੀਫਿਕੇਟ (ਘੱਟ ਗਿਣਤੀ ਨਾਲ ਸਬੰਧਤ ਹੋਣ ਦੀ ਸੂਰਤ ਵਿਚ ਐਫੀਡੈਵਿਟ ਲਗਾਇਆ ਜਾਵੇ), ਡੋਮੀਸਾਈਲ ਅਤੇ ਪੀ.ਐਮ.ਈ.ਟੀ. ਲਈ ਅਪਲਾਈ ਕਰਨ ਦਾ ਸਬੂਤ, ਇਹਨਾਂ ਸਾਰੇ ਸਰਟੀਫਿਕੇਟਾਂ ਦੀਆਂ ਆਪਣੇ ਵਲੋਂ ਤਸਦੀਕਸ਼ੁਦਾ ਕਾਪੀਆਂ ਸਹਿਤ ਹੇਠਾਂ ਦਿੱਤੇ ਫਾਰਮੈਟ ਵਿਚ ਬਿਨੇ-ਪੱਤਰ ਮਿਤੀ 21.3.2015 ਨੂੰ ਜਾਂ ਇਸ ਤੋਂ ਪਹਿਲਾਂ ਹੀ ਪ੍ਰਿੰਸੀਪਲ, ਅੰਬੇਡਕਰ ਇੰਸਟੀਚਿਊਟ ਆਫ ਕਰੀਅਰਜ ਐਂਡ ਕਰਸਿਜ, ਫੇਸ-।।।-ਬੀ-2, ਮੁਹਾਲੀ ਦੇ ਦਫਤਰ ਵਿਚ ਪਹੁੰਚ ਜਾਣੇ ਚਾਹੀਦੇ ਹਨ। ਜਿਨ੍ਹਾਂ ਉਮੀਦਵਾਰਾਂ ਦੇ ਬਿਨੇ-ਪੱਤਰ ਮਿਤੀ

21.3.15 ਤੱਕ ਇੰਸਟੀਚਿਊਟ ਵਿਖੇ ਪ੍ਰਾਪਤ ਹੋ ਜਾਣਗੇ, ਉਹਨਾਂ ਦੀ ਸੂਚੀ ਇੰਸਟੀਚਿਊਟ ਦੀ ਵੈੱਬਸਾਈਟ ਤੇ ਮਿਤੀ 25.3.15 ਜਾਂ ਇਸ ਤੋਂ ਪਹਿਲਾਂ ਹੀ ਅਪਲੋਡ ਕਰ ਦਿੱਤੀ ਜਾਵੇਗੀ। ਸੂਚੀ ਅਪਲੋਡ ਕਰਦੇ ਸਮੇਂ ਉਮੀਦਵਾਰਾਂ ਦੇ ਬਿਨੇ-ਪੱਤਰਾਂ ਦੀ ਸਕਰੂਟਨੀ (ਜਾਂਚ-ਪੜਤਾਲ) ਨਹੀਂ ਕੀਤੀ ਜਾਵੇਗੀ। ਉਮੀਦਵਾਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਆਪਣੀਆਂ ਯੋਗਤਾਵਾਂ ਚੈੱਕ ਕਰਨ ਉਪਰੰਤ ਹੀ ਟੈੱਸਟ ਵਿਚ ਸ਼ਾਮਲ ਹੋਣ। ਟੈੱਸਟ ਦੇਣ ਲਈ ਕੋਈ ਵੀ ਪੱਤਰ ਜਾਂ ਐਡਮਿਸ਼ਨ ਕਾਰਡ ਵੱਖਰੇ ਤੌਰ ਤੇ ਜਾਰੀ ਨਹੀਂ ਕੀਤਾ ਜਾਵੇਗਾ।

ਉਮੀਦਵਾਰਾਂ ਦੀ ਚੋਣ ਉਨ੍ਹਾਂ ਦੇ ਟੈੱਸਟ ਦੀ ਪ੍ਰਫਾਰਮੈਂਸ ਦੇ ਆਧਾਰ ਤੇ ਹੀ ਕੀਤੀ ਜਾਵੇਗੀ। ਉਮੀਦਵਾਰ ਦੀ ਪਾਤਰਤਾ ਉਸ ਸੂਰਤ ਵਿਚ ਰੱਦ ਕਰ ਦਿੱਤੀ ਜਾਵੇਗੀ ਜੇਕਰ ਸੰਸਥਾ ਨੂੰ ਉਸ ਵੱਲੋਂ ਦਿੱਤੀ ਗਈ ਜਾਣਕਾਰੀ/ਕਲੇਮ ਉਸ ਦੇ ਦਸਤਾਵੇਜਾਂ ਦੀ ਜਾਂਚ ਪੜਤਾਲ ਦੌਰਾਨ ਸਹੀ ਨਾ ਪਾਈ ਗਈ। ਚੁਣੇ ਗਏ ਉਮੀਦਵਾਰਾਂ ਨੂੰ ਕੋਰਸ ਵਿਚ ਸ਼ਾਮਿਲ ਹੋਣ ਦੇ ਸਮੇਂ ਅਸਲ ਦਸਤਾਵੇਜਾਂ ਸਹਿਤ ਆਮਦਨ ਦਾ ਸਬੂਤ ਪੇਸ਼ ਕਰਨਾ ਹੋਵੇਗਾ। ਕੋਰਸ ਮਿਤੀ 7.04.2015 ਤੋਂ 15.5.2015 ਤੱਕ ਚਲੇਗਾ।

**ਡਾਇਰੈਕਟਰ**

## ਬਿਨੇ-ਪੱਤਰ ਲਈ ਫਾਰਮੈਟ

(ਉਮੀਦਵਾਰ ਹੇਠ ਦਿੱਤੇ ਫਾਰਮੈਟ ਅਨੁਸਾਰ ਅਰਜ਼ੀ ਪਲੇਨ ਪੇਪਰ ਤੇ ਟਾਈਪ ਕਰਵਾ ਕੇ ਭੇਜਣ)

ਆਪਣੇ ਵਲੋਂ ਤਸਦੀਕ ਕੀਤੀ ਹੋਈ ਪਾਸ-ਪੋਰਟ ਸਾਈਜ਼ ਫੋਟੋ ਲਗਾਈ ਜਾਵੇ।

1. ਉਮੀਦਵਾਰ ਦਾ ਨਾਂਅ
2. ਪਿਤਾ ਦਾ ਨਾਂਅ
3. ਪੀ.ਐਮ.ਈ.ਟੀ. ਲਈ ਅਪਲਾਈ ਕਰਨ ਦੀ ਮਿਤੀ
4. ਜਨਮ ਮਿਤੀ
5. ਸਥਾਈ ਪਤਾ
6. ਪੱਤਰ-ਵਿਹਾਰ ਦਾ ਪਤਾ
   (ਫੋਨ ਨੰ: ਅਤੇ ਈਮੇਲ ਪਤੇ ਸਹਿਤ)
7. ਵਰਗ(ਅਨੁਸੂਚਿਤ ਜਾਤੀ/ਪੱਛੜੀ ਸ਼੍ਰੇਣੀ/ਘੱਟ ਗਿਣਤੀ)
8. ਜਾਤੀ
9. ਕੀ ਤੁਸੀਂ ਅੰਗਹੀਣ ਹੋ(ਹਾਂ/ਨਹੀਂ), ਜੇਕਰ ਹਾਂ ਤਾਂ ਸਬੂਤ ਨੱਥੀ ਕੀਤਾ ਜਾਵੇ
10. ਸਾਰੇ ਸਰੋਤਾਂ ਤੋਂ ਪਰਿਵਾਰਕ ਸਾਲਾਨਾ ਆਮਦਨ
    (ਸਿਲੈਕਸਨ ਹੋਣ ਤੇ ਅਸਲ ਸਬੂਤ ਪੇਸ ਕਰਨਾ ਹੋਵੇਗਾ)
11. ਦਸਵੀਂ ਵਿਚ ਪ੍ਰਾਪਤ ਅੰਕਾਂ ਦੀ ਪ੍ਰਤੀਸ਼ਤਤਾ
12. 10+2 ਅਪੀਅਰਡ ਹੋ ਜਾਂ 10+2 ਪਾਸ ਹੋ, ਜੇਕਰ ਪਾਸ ਹੋ ਤਾਂ
    10+2 ਦੇ ਅੰਕਾਂ ਦੀ ਪ੍ਰਤੀਸ਼ਤਤਾ
13. ਜੇਕਰ ਪਹਿਲਾਂ ਫਰੀ ਕੋਚਿੰਗ ਪ੍ਰਾਪਤ ਕੀਤੀ ਹੈ ਤਾਂ ਉਸ ਦਾ ਵੇਰਵਾ
    (ਸੰਸਥਾ ਦਾ ਨਾਮ ਅਤੇ ਕੋਚਿੰਗ ਦੇ ਸਮੇਂ ਸਹਿਤ)

ਮਿਤੀ:

**ਉਮੀਦਵਾਰ ਦੇ ਹਸਤਾਖਰ**

ਨੋਟ: ਬਿਨੈ-ਪੱਤਰ ਆਨਲਾਈਨ ਅਪਲਾਈ ਕਰਨ ਦੀ ਸਹੂਲਤ ਅਜੇ ਉਪਲਬਧ ਨਹੀਂ ਹੈ। ਉਮੀਦਵਾਰ ਆਖਰੀ ਮਿਤੀ ਤੋਂ ਪਹਿਲਾਂ ਪਹਿਲਾਂ ਆਪਣੇ ਬਿਨੇ-ਪੱਤਰ ਦਸਤੀ/ਡਾਕ ਰਾਹੀਂ ਭੇਜ ਸਕਦੇ ਹਨ। ਅਪਲਾਈ ਕਰਨ ਦੀ ਆਖਰੀ ਮਿਤੀ ਤੋਂ ਬਾਅਦ ਪ੍ਰਾਪਤ ਹੋਏ ਬਿਨੇ-ਪੱਤਰ ਨਹੀਂ ਵਿਚਾਰੇ ਜਾਣਗੇ।